Medi-Cal's ਦੀ Health4All ਬਿਰਧ ਵਿਅਕਤੀਆਂ ਲਈ

1 ਮਈ, 2022 ਤੋਂ 50 ਸਾਲ ਜਾਂ ਉਸ ਤੋਂ ਵੱਡੀ ਉਮਰ ਦੇ ਕੈਲੀਫੋਰਨੀਆ ਦੇ ਸਾਰੇ ਯੋਗ ਵਾਸੀ Medi-Cal ਦੀਆਂ ਸਾਰੀਆਂ ਸੇਵਾਵਾਂ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹਨ ਭਾਵੇਂ ਉਨ੍ਹਾਂ ਦਾ ਇਮੀਗ੍ਰੇਸ਼ਨ ਦਾ ਦਰਜਾ ਜੋ ਵੀ ਹੋਵੇ! ਜਿਨ੍ਹਾਂ ਕੋਲ ਦਸਤਾਵੇਜ਼ ਨਹੀਂ ਹਨ, ਉਹ ਵੀ Medi-Cal ਦੀਆਂ ਸਾਰੀਆਂ ਸੇਵਾਵਾਂ ਲਈ ਯੋਗ ਹੋ ਸਕਦੇ ਹਨ।

ਮੈਂ Medi-Cal ਦੀਆਂ ਸਾਰੀਆਂ ਸੇਵਾਵਾਂ ਲਈ ਕਿਵੇਂ ਭਰਤੀ ਹੋ ਸਕਦਾ ਹਾਂ?

ਉਹ ਲੋਕ ਜਿਹੜੇ ਕੇ Medi-Cal ਦੀਆਂ ਕੁਝ ਸੇਵਾਵਾਂ ("ਐਮਰਜੈਂਸੀ Medi-Cal") ਲਈ ਭਰਤੀ ਹਨ, ਉਹ ਬਿਨਾ ਕੁਝ ਕੀਤੇ 1 ਮਈ, 2022 ਤੋਂ Medi-Cal ਦੀਆਂ ਸਾਰੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ।

ਬਾਕੀ ਸਭ ਲੋਕ Medi-Cal ਦੇ ਲਈ ਆਪਣੇ ਸਥਾਨੀ ਜ਼ਿਲ੍ਹਾ ਭਲਾਈ ਦਫਤਰ ਅਤੇ Covered CA ਦੇ ਰਾਹੀਂ ਅਰਜ਼ੀ ਦੇ ਸਕਦੇ ਹਨ:

- ਆਪਣੇ ਜ਼ਿਲ੍ਹਾ ਦਫਤਰ ਨੂੰ BenefitsCal.com ਰਾਹੀਂ ਸੰਪਰਕ ਕਰੋ।
- http://dhcs.ca.gov/COL 'ਤੇ ਆਪਣੇ ਜ਼ਿਲ੍ਹਾ ਦਫਤਰ ਬਾਰੇ ਜਾਣਕਾਰੀ ਲੱਭੋ।
- ਸਿਹਤ ਬੀਮਾ ਕਵਰੇਜ ਦੇ ਲਈ CoveredCA.com ਅਤੇ (800) 300- 1506 'ਤੇ ਅਰਜ਼ੀ ਦਿਓ।
- ਕਿਸੇ ਸਥਾਨੀ ਕਲੀਨਿਕ ਵਿਖੇ ਅਰਜ਼ੀ ਦੇਣ ਵਿੱਚ ਸਹਾਇਤਾ ਦੇ ਲਈ www.localclinic.net 'ਤੇ ਜਾਓ ਜਾਂ ਕਿਸੇ ਸਥਾਨੀ ਸਿਹਤ ਸਹਾਇਕ ਨਾਲ ਸੰਪਰਕ ਕਰੋ।

ਅੱਜ ਹੀ Medi-Cal ਵਿੱਚ ਭਰਤੀ ਹੋਵੋ! ਜੇ ਤੁਸੀ Medi-Cal ਦੀਆਂ ਕੁਝ ਸੇਵਾਵਾਂ ਲਈ ਅਰਜ਼ੀ ਦੇਂਦੇ ਹੋ ਅਤੇ ਭਰਤੀ ਹੋ ਜਾਂਦੇ ਹੋ, ਤਾਂ ਤੁਸੀ 1 ਮਈ ਤੋਂ Medi-Cal ਦੀਆਂ ਸਾਰੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ।

ਮੈਂ ਕੀ ਕਰਾਂ ਜੇ ਮੈਨੂੰ ਕਿਸੇ ਹੋਰ ਭਾਸ਼ਾ ਵਿੱਚ ਮਦਦ ਕੀ ਲੋੜ ਹੋਵੇ?

ਤੁਹਾਨੂੰ ਮੁਫ਼ਤ ਭਾਸ਼ਾ ਸਹਾਇਤਾ ਸੇਵਾਵਾਂ ਦਾ ਹੱਕ ਹੈ, ਜਿਸ ਵਿੱਚ ਦੁਭਾਸ਼ੀਏ ਵੀ ਸ਼ਾਮਿਲ ਹਨ।

ਆਪਣੇ ਜ਼ਿਲ੍ਹੇ ਜਾਂ Covered CA ਤੋਂ ਆਪਣੀ ਭਾਸ਼ਾ ਵਿੱਚ ਮਦਦ ਮੰਗੋ।

Medi-Cal ਦੀਆਂ ਸਾਰੀਆਂ ਸੇਵਾਵਾਂ ਨਾਲ ਮੈਨੂੰ ਸਿਹਤ-ਸੰਭਾਲ ਦੀਆਂ ਕਿਹੜੀਆਂ ਸੇਵਾਵਾਂ ਮਿਲ ਸਕਦੀਆਂ ਹਨ?

Medi-Cal ਦੇ ਤਹਿਤ ਨਿਵਾਰਕ ਸਿਹਤ-ਸੰਭਾਲ ਅਤੇ ਸਾਲਾਨਾ ਸਿਹਤ ਦੀ ਜਾਂਚ ਆਉਂਦੀ ਹੈ। ਇਸ ਦੇ ਨਾਲ ਹੀ ਤੁਹਾਨੂੰ ਦਿਮਾਗੀ ਸਿਹਤ-ਸੰਭਾਲ, ਨਸ਼ਾ ਛੱਡਣ ਵਿੱਚ ਮਦਦ ਲਈ ਸੇਵਾਵਾਂ, ਨਿਰਧਾਰਿਤ ਦਵਾਈਆਂ ਅਤੇ ਡਾਕਟਰੀ ਸਾਮਾਨ, ਆਵਾਜਾਈ, ਘਰੇ ਨਿਜੀ ਸਹਾਇਤਾ, ਦੰਦਾਂ ਅਤੇ ਨਜ਼ਰ (ਅੱਖਾਂ) ਦੀ ਦੇਖਭਾਲ, ਪੈਰਾਂ ਦੀ ਦੇਖਭਾਲ, ਸੁਨਣ ਵਿੱਚ ਮਦਦ ਲਈ ਮਸ਼ੀਨ, ਲੰਬੇ ਸਮੇਂ ਲਈ ਦੇਖਭਾਲ, ਆਦਿ ਸੇਵਾਵਾਂ ਮਿਲ ਸਕਦੀਆਂ ਹਨ!

ਕੀ Medi-Cal ਮੇਰੇ ਇਮੀਗ੍ਰੇਸ਼ਨ ਦੇ ਦਰਜੇ ਨੂੰ ਨੁਕਸਾਨ ਪਹੁੰਚਾਵੇਗਾ?

ਨਹੀਂ। Medi-Cal ਦੀ ਵਰਤੋਂ (ਲੰਬੇ ਸਮੇਂ ਲਈ ਦੇਖਭਾਲ ਨੂੰ ਛੱਡ ਕੇ) ਤੁਹਾਡੇ ਇਮੀਗ੍ਰੇਸ਼ਨ ਦੇ ਦਰਜੇ ਨੂੰ ਨੁਕਸਾਨ ਨਹੀਂ ਪਹੁੰਚਾਵੇਗੀ। ਸੂਬਾ ਸਰਕਾਰ ਜ਼ਿਆਦਾਤਰ ਪ੍ਰਵਾਸੀਆਂ ਦੇ ਇਮੀਗ੍ਰੇਸ਼ਨ ਦੇ ਦਰਜੇ ਨੂੰ ਪੱਕਾ ਕਰਨ ਵਕਤ Medi-Cal ਨੂੰ ਧਿਆਨ ਵਿੱਚ ਨਹੀਂ ਰੱਖਦੀ। ਜੇ ਆਪਣੇ Medi-Cal ਦੇ ਫਾਇਦਿਆਂ ਅਤੇ ਆਪਣੇ ਇਮੀਗ੍ਰੇਸ਼ਨ ਦੇ ਦਰਜੇ ਬਾਰੇ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਸਿਹਤ ਉਪਭੋਗਤਾ ਗੱਠਜੋੜ ਨੂੰ ਸੰਪਰਕ ਕਰੋ।

ਕੀ Medi-Cal ਮੇਰਾ ਘਰ ਜ਼ਪਤ ਕਰ ਸਕਦਾ ਹੈ?

ਨਹੀਂ। Medi-Cal ਤੁਹਾਡਾ ਘਰ ਜ਼ਪਤ ਨਹੀਂ ਕਰੇਗਾ। ਉਹ ਲੋਕ ਜਿਹੜੇ ਕੇ Medi-Cal ਦੀਆਂ ਲੰਬੇ ਸਮੇਂ ਦੀ ਦੇਖਭਾਲ ਵਾਲੀਆਂ ਸੇਵਾਵਾਂ ਦੀ ਵਰਤੋਂ ਕਰਦੇ ਹਨ, Medi-Cal ਸਿਰਫ ਤੁਹਾਡੀ ਮੌਤ ਤੋਂ ਬਾਅਦ ਹੀ ਦੇਖਭਾਲ ਦੀ ਕੀਮਤ ਵਸੂਲ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ, ਲੇਕਿਨ ਫਿਰ ਵੀ ਤੁਹਾਡੇ ਕੋਲ ਕੁਝ ਤਰੀਕੇ ਹਨ ਜਿਨ੍ਹਾਂ ਨਾਲ ਤੁਸੀ ਆਪਣੀ ਜਾਇਦਾਦ ਨੂੰ

ਕੀ ਹੋਵੇਗਾ ਜੇ ਮੇਰੀ ਉਮਰ 1 ਮਈ, 2022 ਤੋਂ ਬਾਅਦ 50 ਸਾਲ ਦੀ ਹੁੰਦੀ ਹੈ?

ਜੇ ਤੁਹਾਡੀ ਉਮਰ ਮਈ 2022 ਦੇ ਕਿਸੇ ਵੀ ਦਿਨ 50 ਸਾਲ ਦੀ ਹੁੰਦੀ ਹੈ, ਤਾਂ ਤੁਸੀ ਸਾਰੀਆਂ ਸੇਵਾਵਾਂ 1 ਮਈ, 2022 ਤੋਂ ਪ੍ਰਾਪਤ ਕਰ ਸਕਦੇ ਹੋ। ਜੇ ਤੁਹਾਡੀ ਉਮਰ ਮਈ 2022 ਤੋਂ ਬਾਅਦ 50 ਸਾਲ ਦੀ ਹੁੰਦੀ ਹੈ, ਤਾਂ ਤੁਸੀ ਸਾਰੀਆਂ ਸੇਵਾਵਾਂ ਉਸ ਮਹੀਨੇ ਦੀ ਪਹਿਲੀ ਤਰੀਕ ਤੋਂ ਪ੍ਰਾਪਤ ਕਰ ਸਕਦੇ ਹੋ ਜਿਸ ਮਹੀਨੇ ਤੁਹਾਡੀ ਉਮਰ 50 ਸਾਲ ਦੀ ਹੋ ਜਾਵੇਗੀ। ਮਿਸਾਲ ਦੇ ਤੌਰ ਤੇ, ਜੇ ਤੁਹਾਡੀ ਉਮਰ ਅਗਸਤ 2022 ਵਿੱਚ 50 ਸਾਲ ਦੀ ਹੁੰਦੀ ਹੈ, ਤਾਂ ਤੁਸੀ Medi-Cal ਦੀਆਂ ਸਾਰੀਆਂ ਸੇਵਾਵਾਂ 1 ਅਗਸਤ, 2022 ਤੋਂ ਪ੍ਰਾਪਤ ਕਰ ਸਕਦੇ ਹੋ।

ਮੈਂ ਕੀ ਕਰ ਸਕਦਾ ਹਾਂ ਜੇ Medi-Cal ਮੇਰੀ ਅਰਜ਼ੀ ਨੂੰ ਠੁਕਰਾ ਦੇਂਦਾ ਹੈ?

ਮੁਫ਼ਤ ਕਾਨੂੰਨੀ ਮਦਦ ਲਈ ਸਿਹਤ ਉਪਭੋਗਤਾ ਗੱਠਜੋੜ ਨੂੰ ਸੰਪਰਕ ਕਰੋ।

ਸਿਹਤ ਉਪਭੋਗਤਾ ਗੱਠਜੋੜ ਦਾ ਸੂਬੇ ਲਈ ਟੋਲ-ਫ੍ਰੀ ਨੰਬਰ 1.888.804.3536

Healthconsumer.org